# ਇਕਾਂਗੀ - ਬੰਬ ਕੇਸ

## ਇਕਾਂਗੀਕਾਰ - ਬਲਵੰਤ ਗਾਰਗੀ

## 1. ਥਾਣੇਦਾਰ ਦਾ ਪਾਤਰ-ਚਿਤਰਨ

**1. ਜਾਣ-ਪਛਾਣ –** ਥਾਣੇਦਾਰ 'ਬੰਬ ਕੇਸ' ਇਕਾਂਗੀ ਦਾ ਮੁੱਖ ਪਾਤਰ ਹੈ। ਇਕਾਂਗੀਕਾਰ ਨੇ ਉਸ ਦੇ ਬੇਸਮਝੀ ਭਰੇ ਚਰਿੱਤਰ ਨੂੰ ਪੇਸ਼ ਕਰਕੇ ਇਕਾਂਗੀ ਵਿੱਚ ਹਾਸ-ਰਸ ਪੈਦਾ ਕੀਤਾ ਹੈ। ਉਹ ਥਾਣੇ ਵਿੱਚ ਨਵਾਂ ਆਇਆ ਹੈ ਅਤੇ ਇਲਾਕੇ ਵਿੱਚ ਆਪਣਾ ਰੋਅਬ ਪਾਉਣ ਲਈ ਸਿਪਾਹੀ ਨੂੰ ਨਾਲ ਲੈ ਕੇ ਗਸ਼ਤ ਕਰਨ ਨਿਕਲਦਾ ਹੈ। ਉਹ ਵਜ਼ੀਰੇ ਨੂੰ ਬੰਬ ਬਣਾਉਣ ਦੇ ਦੋਸ਼ ਵਿੱਚ ਗ੍ਰਿਫ਼ਤਾਰ ਕਰ ਲੈਂਦਾ ਹੈ।

**2. ਬੇਸ਼ਮਝ ਅਫਸ਼ਰ –** ਥਾਣੇਦਾਰ ਟਾਂਗੇ ਦੇ ਬੰਬ ਨੂੰ ਕੈਮੀਕਲ ਬੰਬ ਸਮਝਦਾ ਹੈ। ਇਸ ਲਈ ਉਹ ਇੱਕ ਬੇਸਮਝ ਅਫਸਰ ਹੈ ਜੋ ਟਾਂਗੇ ਦੇ ਬੰਬ ਅਤੇ ਕੈਮੀਕਲ ਬੰਬ ਦੇ ਫਰਕ ਨੂੰ ਨਹੀਂ ਜਾਣਦਾ। ਉਹ ਵਜ਼ੀਰੇ ਵਿਰੁੱਧ ਕੋਈ ਸਬੂਤ ਇਕੱਤਰ ਕੀਤੇ ਬਿਨਾਂ ਹੀ ਉਸ ਨੂੰ ਬੰਬ ਕੇਸ ਵਿੱਚ ਗ੍ਰਿਫ਼ਤਾਰ ਕਰ ਲੈਂਦਾ ਹੈ। ਉਸ ਦੀ ਬੇਸਮਝੀ ਵਾਲੀ ਤਫ਼ਤੀਸ਼ ਇਕਾਂਗੀ ਵਿੱਚ ਹਾਸ-ਰਸ ਪੈਦਾ ਕਰਦੀ ਹੈ।

**3 .ਸਖਤ ਸੁਭਾ ਵਾਲਾ –** ਥਾਣੇਦਾਰ ਸਖਤ ਸੁਭਾ ਵਾਲਾ ਹੈ। ਉਹ ਸਪਾਹੀ ਅਤੇ ਲੋਕਾਂ ਨੂੰ ਸਖਤ ਤਾੜਨਾ ਦਿੰਦਾ ਹੈ। ਉਹ ਥਾਣੇ ਵਿੱਚ ਨਵਾਂ ਆਇਆ ਹੈ। ਇਸ ਕਰਕੇ ਸੁਰੂ ਵਿੱਚ ਹੀ ਆਪਣਾ ਰੋਅਬ ਸਿਪਾਹੀ ਅਤੇ ਇਲਾਕੇ ਵਿਚਲੇ ਲੋਕਾਂ 'ਤੇ ਪਾਉਣਾ ਚਾਹੁੰਦਾ ਹੈ। ਉਹ ਇਲਾਕੇ ਦੇ ਸਭ ਲੋਕਾਂ ਨੂੰ ਸਿੱਧੇ ਕਰਨ ਦੀਆਂ ਗੱਲਾਂ ਕਰਦਾ ਹੈ।

**4. ਰੋਅਬ ਪਾਉਣ ਵਾਲਾ –** ਉਹ ਥਾਣੇ ਵਿੱਚ ਨਵਾਂ-ਨਵਾਂ ਆਇਆ ਹੈ। ਇਸ ਕਰਕੇ ਉਹ ਇਲਾਕੇ ਦੇ ਲੋਕਾਂ ਅਤੇ ਸਿਪਾਹੀ ਉੱਪਰ ਆਪਣੇ ਅਹੁਦੇ ਤੇ ਸਖ਼ਤ ਸੁਭਾਅ ਦਾ ਰੋਅਬ ਪਾਉਣਾ ਚਾਹੁੰਦਾ ਹੈ। ਇਸ ਮਕਸਦ ਲਈ ਉਹ ਸਿਪਾਹੀ ਨੂੰ ਨਾਲ ਲੈ ਕੇ ਇਲਾਕੇ ਦੀ ਗਸ਼ਤ ਕਰਦਾ ਹੈ ਤੇ ਸਿਪਾਹੀ ਨੂੰ ਦੱਸਦਾ ਹੈ ਕਿ ਉਹ ਬੜੇ ਸਖ਼ਤ ਸੁਭਾਅ ਅਤੇ ਬੇ-ਤਰਸ ਸੁਭਾ ਦਾ ਮਾਲਕ ਹੈ।

**5 .ਖੁਸ਼ਾਮਦ ਪਸੰਦ –** ਸਪਾਹੀ ਅਤੇ ਲੋਕਾਂ ਤੋਂ ਖੁਸ਼ਾਮਦ ਲੈਣ ਲਈ ਉਹਨਾਂ ਨੂੰ ਆਪਣੇ ਕੁੱਟਣ-ਮਾਰਨ ਦੇ ਤਰੀਕੇ ਦੱਸਦਾ। ਗਸ਼ਤ ਕਰਦੇ ਸਮੇਂ ਸਿਪਾਹੀ ਉਸ ਦੇ ਕੰਮ ਕਰਨ ਦੇ ਤਰੀਕਿਆਂ ਦੀ ਪ੍ਰਸੰਸਾ ਕਰਦਾ ਹੈ। ਉਹ ਆਪਣੀ ਤਰੀਫ਼ ਬਾਰੇ ਸੁਣ ਕੇ ਇਲਾਕੇ ਦੇ ਲੋਕਾਂ ਉੱਪਰ ਰੋਹਬ ਪਾਉਣ ਦੇ ਤਰੀਕਿਆਂ ਤੇ ਬਦਮਾਸ਼ਾਂ ਨੂੰ ਕੁੱਟਣ ਮਾਰਨ ਦੇ ਤਰੀਕਿਆਂ ਬਾਰੇ ਦੱਸਦਾ ਹੈ।

**6. ਵਿਅੰਗਮਈ ਪਾਤਰ –** ਥਾਣੇਦਾਰ ਸੇਖੀਆਂ ਮਾਰਨ ਵਾਲਾ ਹੈ । ਉਹ ਟਾਂਗੇ ਦੇ ਬੰਬਾਂ ਨੂੰ ਕੈਮੀਕਲ ਬੰਬ ਸਮਝ ਕੇ ਵਜ਼ੀਰੇ ਨੂੰ ਬੇਸਮਝੀ ਵਿੱਚ ਗ੍ਰਿਫ਼ਤਾਰ ਕਰਦਾ ਅਤੇ ਉਸ ਵੱਲੋਂ ਆਪਣੀ ਯੋਗਤਾ ਸਬੰਧੀ ਮਾਰੀਆਂ ਸੇਖੀਆਂ ਉਸਨੂੰ ਇੱਕ ਵਿਅੰਗਮਈ ਪਾਤਰ ਬਣਾ ਦਿੰਦੀਆਂ ਹਨ।



**ਤਿਆਰ ਕਰਤਾ - ਗੁਰਦੀਪ ਸਿੰਘ ਪੰਜਾਬੀ ਮਾਸਟਰ**
**ਸਰਕਾਰੀ ਸੀਨੀ. ਸੈਕੰ. ਸਕੂਲ ਕੋਟਲੀ ਅਬਲੂ,**
**ਸ੍ਰੀ ਮੁਕਤਸਰ ਸਾਹਿਬ**
**ਮੋ. 9193700037**